# ਨਗਰ ਨਿਗਮ ਹੁਸ਼ਿਆਰਪੁਰ

## ਈ-ਟੈਂਡਰ ਦੀਆਂ ਸ਼ਰਤਾਂ ਅਤੇ ਨਿਯਮ 28/6/19

1) ਕਮਿਸ਼ਨਰ, ਨਗਰ ਨਿਗਮ, ਹੁਸ਼ਿਆਰਪੁਰ ਨੂੰ ਕੋਈ ਵੀ/ ਸਾਰੇ ਟੈਡਰ ਬਿਨਾਂ ਕਾਰਣ ਦਸੇ ਰੱਦ/ਨਾਮੰਜੂਰ ਕਰਨ ਦਾ ਅਧਿਕਾਰ ਹੋਵੇਗਾ।

2) ਕੰਮਾਂ ਲਈ ਸਿਰਫ ਉਵਰਆਲ ਪ੍ਰਤੀਸ਼ਤ ਰੇਟਾਂ ਦੇ ਅਧਾਰ ਤੇ ਹੀ ਟੈਂਡਰ ਭਰੇ ਜਾਣ।

3) ਟੈਂਡਰ ਫਾਰਮਾਂ ਦੀ ਫੀਸ, ਪ੍ਰੋਸੈਸਿੰਗ ਫੀਸ ਅਤੇ ਅਰਨੈਸਟ ਮਨੀ ਆਨ-ਲਾਈਨ ਜਮਾਂ ਕਰਵਾਈ ਜਾਵੇਗੀ। ਇਹ ਫੀਸਾਂ ਕਿਸੇ ਹੋਰ ਸ਼ਕਲ ਵਿੱਚ ਨਹੀ ਵਸੂਲੀਆਂ ਜਾਣਗੀਆਂ। ਫੀਸਾਂ ਆਨ-ਲਾਈਨ ਜਮਾਂ ਨਹੀ ਹੋਣ ਦੀ ਦੀ ਸੂਰਤ ਵਿੱਚ ਸਬੰਧਤ ਏਜੈਂਸੀ/ਫਰਮ ਦੇ ਟੈਂਡਰ ਨਹੀ ਖੋਲੇ ਜਾਣਗੇ, ਜਿਸ ਦੀ ਨਿੱਜੀ ਜਿੰਮੇਵਾਰੀ ਫਰਮ ਦੀ ਹੋਵੇਗੀ।

4) ਸਹਿਕਾਰੀ ਕਿਰਤ ਅਤੇ ਉਸਾਰੀ ਸਭਾਵਾਂ ਨੂੰ ਲੁੱਕ ਦੇ ਕੰਮਾਂ ਦੇ ਟੈਂਡਰਾਂ ਵਿੱਚ ਭਾਗ ਲੈਣ ਦਾ ਅਖਤਿਆਰ ਨਹੀਂ ਹੋਵੇਗਾ।

5) ਤਖਮੀਨੇ ਵਿਚ ਦਰਜ ਆਇਟਮਾਂ ਦੀ ਮਿੱਕਦਾਰ ਅਤੇ ਸਪੈਸੀਫਿਕੇਸ਼ਨਾਂ ਲੋੜ ਪੈਣ ਤੇ ਮੋਕੇ ਮੁਤਾਬਕ ਘਟਾਈ/ ਵਧਾਈ ਅਤੇ ਬਦਲੀ ਜਾ ਸਕਦੀ ਹੈ।

6) ਕੀਤੇ ਕੰਮ ਦੀ ਅਦਾਇਗੀ ਬੱਜਟ ਅਨੁਸਾਰ ਫੰਡਜ ਦੀ ਉਪਲਬਧਤਾ ਮੁਤਾਬਕ ਕੀਤੀ ਜਾਵੇਗੀ।

7) **ਬਾਕੀ ਸ਼ਰਤਾਂ ਦੇ ਨਾਲ, ਯੋਗਤਾਵਾਂ ਅਤੇ ਹੇਠ ਲਿਖੇ ਹੋਰਨਾਂ ਲੋੜੀਂਦੇ ਦਸਦਾਵੇਜ਼ ਪ੍ਰਾਈਜ ਸ਼ੀਟ ਦੇ ਨਾਲ ਅਪਲੋਡ ਕੀਤੇ ਜਾਣੇ ਜਰੂਰੀ ਹਨ:**

   (ੳ) ਜੀ.ਐਸ.ਟੀ. ਨੰਬਰ

   (ਅ) ਪੈਨ ਕਾਰਡ ਕੰਟਰੈਕਟਰ/ਸੁਸਾਇਟੀ/ਏਜੰਸੀ

   (ੲ) ਈ.ਪੀ.ਐਫ.ਨੰਬਰ ਜੇ ਲਾਗੂ ਹੋਵੇ

   (ਸ) ਈ.ਐਸ.ਆਈ. ਨੰਬਰ

   (ਹ) ਕਿਸੇ ਵੀ ਸਰਕਾਰੀ/ ਅੱਧ ਸਰਕਾਰੀ ਸੰਸਥਾ/ ਕਾਰਪੋਰੇਸ਼ਨ ਵਲੋਂ ਡੀ-ਬਾਰ ਜਾਂ ਬਲੈਕਲਿਸਟ ਨਹੀ ਕੀਤੇ ਜਾਣ ਸਬੰਧੀ ਫਰੈਸ਼ ਹਲਫੀਆ ਬਿਆਨ। ਇਸ ਹਲਫੀਆ ਬਿਆਨ ਦੀ ਮਿਤੀ ਤਿੰਨ ਮਹੀਨੇ ਤੋਂ ਪੁਰਾਣੀ ਮਿਤੀ ਨਹੀਂ ਹੋਣੀ ਚਾਹਿਦੀ। ਇਸ ਸਬੰਧੀ ਸਵੈ ਘੋਸ਼ਣਾ ਪੱਤਰ ਲਾਗੂ ਨਹੀਂ ਹੋਵੇਗਾ।

   (ਕ) ਸਬੰਧਤ ਕੈਟਾਗਰੀ ਵਿੱਚ ਇਨਲਿਸਟਮੈਂਟ ਦੇ ਸਬੂਤ।

   (ਖ) ਸਭਾਵਾਂ/ਏਜੰਸੀਆਂ ਵਲੋਂ Latest Capacity Certificate / Turnover ਅਪਲੋਡ ਕੀਤੇ ਜਾਣ।

   (ਗ) ਟੈਂਡਰ ਦੀਆਂ ਸਾਧਾਰਨ ਸ਼ਰਤਾਂ

   (ਘ) ਐਮ.ਡਬਲਯੂ (4) ਸਾਰੇ ਕੰਮਾਂ ਲਈ

8) ਟੈਂਡਰ ਵਾਲੇ ਦਿਨ ਜੇ ਕਰ ਕੋਈ ਇਤਫਾਕਿਆ ਛੁੱਟੀ ਹੋਵੇ ਤਾਂ ਟੈਂਡਰ ਅਗਲੇ ਕੰਮ ਕਾਜ ਵਾਲੇ ਦਿਨ ਖੋਲੇ ਜਾਣਗੇ।

9) ਕੰਮਾਂ ਸਬਧੀ ਸ਼ਰਤਾਂ ਅਤੇ ਤਖਮੀਨੇ ਵੱਖਰੇ ਤੋਰ ਤੇ ਕਿਸੀ ਕੰਮ ਕਾਜ ਵਾਲੇ ਦਿਨ ਦਫਤਰ ਨਗਰ ਨਿਗਮ ਵਿਖੇ ਵੇਖੀਆਂ ਜਾ ਸਕਦੀਆਂ ਹਨ।

10) ਕੰਡੀਸ਼ਨਲ ਟੈਂਡਰ ਮੰਜੂਰ ਨਹੀ ਕੀਤੇ ਜਾਣਗੇ।

11) ਸ਼ਰਤਾਂ ਅਨੁਸਾਰ ਜਿਹੜੇ ਦਸਤਾਵੇਜਾਂ ਦੀ ਲੋੜ ਹੈ, ਉਹੀ ਦਸਤਾਵੇਜ਼ ਹੀ ਅਪਲੋਡ ਕੀਤੇ ਜਾਣ। ਸਬੰਧਤ ਦਸਤਾਵੇਜ਼ ਪੜਨ ਯੋਗ ਹੋਣੇ ਚਾਹਿਦੇ ਹਨ। ਜੇਕਰ ਦਸਤਾਵੇਜ਼ ਪੜਨ ਯੋਗ ਨਹੀਂ ਹੈ ਤਾਂ ਉਹ consider ਨਹੀਂ ਕੀਤਾ ਜਾਵੇਗਾ, ਇਸ ਦੀ ਨਿੱਜੀ ਜਿੰਮੇਵਾਰੀ ਏਜੰਸੀ/ਸੁਸਾਇਟੀ ਦੀ ਆਪਣੀ ਹੋਵੇਗੀ। ਸ਼ਰਤਾਂ ਪੜ ਕੇ ਅਤੇ ਸਹੀ ਮੰਨਦੇ ਹੋਏ ਏਜੈਂਸੀ ਦੀ ਮੋਹਰ ਅਤੇ ਅਧਿਕਾਰਤ ਵਿਅੱਕਤੀ ਦੇ ਹਸਤਾਖਰਾਂ ਨਾਲ ਅਪਲੋਡ ਕੀਤੀਆਂ ਜਾਣੀਆਂ ਜਰੂਰੀ ਹਨ।

12) ਕੋਰੀਜੰਡਮ/ਅੰਡੈਡਮ ਆਦਿ ਜੇਕਰ ਕੋਈ ਹੋਵੇ ਤਾਂ ਉਹ ਈ-ਟੈਂਡਰ ਦੀ ਵੈਬਸਾਈਟ ਤੇ ਹੀ ਅਪਲੋਡ ਕੀਤਾ ਜਾਵੇਗਾ।

13) ਜੇਕਰ ਮਿੱਥੇ ਸਮੇਂ ਵਿੱਚ ਕੰਮ ਮੁਕੰਮਲ ਨਹੀਂ ਹੁੰਦੇ ਤਾਂ ਰੂਲਾਂ ਅਨੁਸਾਰ ਪੈਨਲਟੀ ਵਸੂਲ ਕੀਤੀ ਜਾਵੇਗੀ।

14) ਕੰਮਾਂ ਵਾਲੀ ਜਗ੍ਹਾ ਤੇ ਬੈਰੀਕੇਡ ਆਦਿ ਲਗਾਉਣ ਦੀ ਜਿੰਮੇਵਾਰੀ ਸੁਸਾਇਟੀ/ਏਜੰਸੀ ਦੀ ਨਿੱਜੀ ਹੋਵੇਗੀ, ਇਸ ਸਬੰਧੀ ਨਗਰ ਨਿਗਮ ਵਲੋਂ ਵਖੱਰੇ ਤੋਰ ਤੇ ਅਦਾਇਗੀ ਨਹੀਂ ਕੀਤੀ ਜਾਵੇਗੀ।

15) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਮਾਂ ਸਬੰਧੀ ਵੇਰਵੇ ਸਹਿਤ ਸਾਈਟ ਤੇ ਬੋਰਡ ਪੇਂਟ/ਲਗਾਇਆ ਜਾਣਾ ਜਰੂਰੀ ਹੋਵੇਗਾ, ਇਸ ਸਬੰਧੀ ਨਗਰ ਨਿਗਮ ਵਲੋਂ ਵਖੱਰੇ ਤੋਰ ਤੇ ਅਦਾਇਗੀ ਨਹੀਂ ਕੀਤੀ ਜਾਵੇਗੀ।

16) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦੇ ਟੈਕਸ ਦੀ ਕਟੋਤੀ ਕੀਤੀ ਜਾਵੇਗੀ।

17) ਸਰਕਾਰ ਦੀਆਂ ਹਦਾਇਤਾਂ ਅਨੁਸਾਰ NABL ਜਾਂ ਪ੍ਰਮਾਨਿਤ ਲੈਬੋਰੇਟਰੀ ਤੋਂ ਕੀਤੇ ਕੰਮ ਦੀ ਟੈਸਟ ਰਿਪੋਰਟਾਂ ਪਾਸ ਹੋਣ ਉਪਰੰਤ ਹੀ ਅਦਾਇਗੀ ਕੀਤੀ ਜਾਵੇਗੀ ਅਤੇ ਮੋਕੇ ਤੇ ਕੀਤੇ ਕੰਮਾਂ ਦੀਆਂ ਫੋਟੋਆਂ ਫਾਈਲ ਵਿੱਚ ਲਗਾਉਣ।

18) ਸਰਕਾਰ ਵਲੋਂ ਜਾਰੀ ਹਦਾਇਤਾਂ ਮਿਤੀ 2.08.2018 ਅਤੇ ਵੱਖ-ਵੱਖ ਪੱਤਰਾਂ ਅਤੇ ਸੀ.ਵੀ.ਓ. ਸੈਲ ਅਤੇ ਸਰਕਾਰ ਪਾਸੋਂ ਜਾਰੀਂ ਗਾਈਡਲਾਈਨਾਂ ਲਾਗੂ ਹੋਣਗੀਆਂ।

19) ਏਜੰਸੀ ਦੇ ਸਬੂਤ ਅਪਲੋਡ ਕੀਤੇ ਜਾਣ।

20) ਸੋਸਾਇਟੀ / ਸਭਾ ਦੀ ਪ੍ਰੋਸੀਡਿੰਗ ਦੀ ਕਾਪੀ।

21) ਸੋਸਾਈਟੀ ਦੀ ਲਿਸਟ ਰਜਿਸਟਰਾਰ ਵਲੋ ਤਸਦੀਕ ਕਰਵਾ ਕੇ ਅਪਲੋਡ ਕੀਤੀ ਜਾਵੇ।

22) ਸਬੰਧਤ ਸੁਸਾਇਟੀ/ ਏਜੰਸੀ ਵਲੋ ਪਾਸ ਕੀਤੇ ਗਏ ਆਪਣੇ ਮਤੇ ਦੀ ਕਾਪੀ ਅਪਲੋਡ ਕਰਨੀ ਲਾਜਮੀ ਹੈ।

23) ਇਹਨਾਂ ਕੰਮਾਂ ਦੇ ਤਖਮੀਨੇ ਮਾਨਯੋਗ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵਲੋ ਵੈਟ ਕੀਤੇ ਗਏ ਹਨ ਅਤੇ ਆਪਣੇ ਪੱਤਰ ਨੰਬਰ 4090 ਮਿਤੀ 24.01.2019 ਰਾਹੀਂ ਤਖਮੀਨੇ ਸੋਧਣ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ। ਅਪਲੋਡ ਕੀਤੇ ਤਖਮੀਨੇ ਸੋਧ ਕਰਨ ਤੋਂ ਪਹਿਲਾਂ ਦੇ ਹਨ ਅਤੇ ਇਨ੍ਹਾਂ ਕੰਮਾਂ ਦੇ ਵਰਕ ਆਰਡਰ ਹਦਾਇਤਾਂ ਅਨੁਸਾਰ ਤਖਮੀਨਿਆਂ ਵਿੱਚ ਸੋਧ ਹੋਣ ਉਪਰੰਤ ਜਾਰੀ ਕੀਤੇ ਜਾਣਗੇ। ਹਦਾਇਤਾਂ ਦੀ ਕਾਪੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਹੈ।

24) ਸਰਕਾਰ ਵਲੋਂ ਪ੍ਰਾਪਤ ਪੱਤਰ ਨੰਬਰ 4090 ਮਿਤੀ 24.01.2019 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਹੀ ਕੰਮ ਕਰਵਾਏ ਜਾਣਗੇ ਅਤੇ ਕੀਤੇ ਕੰਮ ਦੀ ਅਦਾਇਗੀ ਵੀ ਉਸ ਅਨੁਸਾਰ ਹੀ ਕੀਤੀ ਜਾਵੇਗੀ।

25) **ਲੜੀ ਨੰਬਰ 31 ਅਤੇ 32 ਤੇ ਦਰਜ ਕੰਮਾਂ ਲਈ ਇਹਨਾਂ ਸ਼ਰਤਾਂ ਤੋਂ ਇਲਾਵਾ ਵਖੱਰੀਆਂ ਸ਼ਰਤਾਂ ਵੀ ਲਾਗੂ ਹੋਣਗੀਆਂ।**

26) **ਲੁੱਕ ਦੇ ਕੰਮਾਂ ਲਈ ਬਾਕੀ ਸ਼ਰਤਾਂ ਦੇ ਨਾਲ ਹੇਠ ਲਿਖਿਆਂ ਸ਼ਰਤਾ ਵੀ ਲਾਗੂ ਹੋਣਗੀਆ:-**

   a) For Road/PC work, agencies must have their own Hot mix plant. Proofs be uploaded on e-tender website.

   b) The radial distance of Hot mix plant from site (where the bituminous mix is to be laid) shall not be more than 45 KM. Seal coat in bituminous road works will be laid by mechanical paver only.

27) The CSR rates quoted by the contractor shall be deemed to be inclusive of all taxes/GST. Nothing extra will be paid on this account. Due to implementation of GST, VAT be read as GST in the Bidding Document.

28) Intending Bidders shall submit an Undertaking that the sum total of works including this bid does not exceed their Bid capacity by deducting value of all works in hand (in all departments) at that point of time. In the event that information provided by the bidder is found to be false or misrepresentative, the Tender would be liable for cancellation including forfeiture of the Earnest Money deposited by the Bidder.

29) All contractors enlisted with Government departments/ Semi-Government Departments of the State of Enlisted with ULBs of the State should be allowed to participate in the tendering process. For Enlistment of contractors in the ULBs the policy guidelines issued vide letter no. 2-I, -v, -14/19816-831 dated 30.5.2014 should be strictly followed.

30) In case of L & C Society, list of Members of the Society, their Id proofs & capacity certificate issued by Registrar Co-op Societies.

31) Agency should have to use PVC pipe ISI marked

32) Steel in the Civil Works will be used of Tata, Sail, RINL, Jindal or IISO make Only.

33) In No case, The agency will raise demand for any item/rate beyond provision of sanctioned estimate

ਨਿਗਮ ਇੰਜੀਨਿਅਰ,
ਨਗਰ ਨਿਗਮ,ਹੁਸ਼ਿਆਰਪੁਰ।

ਅਧਿਕਾਰਤ ਹਸਤਾਖਰੀ ਦੇ ਹਸਤਾਖਰ ਅਤੇ
ਏਜੰਸੀ ਦੀ ਮੋਹਰ